# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ
# ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ(ਮੀਡੀਆ)/ਐਸ.ਐਸ.ਏ/2010/24150
ਮਿਤੀ ਚੰਡੀਗੜ੍ਹ 05/02/10

**ਵਿਸ਼ਾ:- ਪੜ੍ਹੋ ਪੰਜਾਬ ਤਹਿਤ ਲਿਖਾਈ ਹਫ਼ਤਾ ਮਨਾਉਣ ਬਾਰੇ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੜ੍ਹੋ ਪੰਜਾਬ ਪ੍ਰੋਗਰਾਮ ਤਹਿਤ ਪੰਜਾਬੀ ਭਾਸ਼ਾ, ਗਣਿਤ ਅਤੇ ਅੰਗਰੇਜ਼ੀ ਦੇ ਹਫ਼ਤੇ ਮਨਾਏ ਜਾ ਚੁੱਕੇ ਹਨ। ਅਤੇ ਹੁਣ ਫਰਵਰੀ ਦੇ ਦੂਸਰੇ ਹਫ਼ਤੇ ਬੱਚਿਆਂ ਦੀ ਖੁਸ਼ਕਤ ਲਿਖਾਈ ਪੱਖੋਂ ਲਿਖਾਈ ਹਫ਼ਤਾ ਮਨਾਇਆ ਜਾ ਰਿਹਾ ਹੈ ।

3.0 ਬੱਚਿਆਂ ਦੀ ਲਿਖਾਈ ਲਈ ਹਫ਼ਤਾ ਮਨਾਉਣ ਸਬੰਧੀ ਸਕੂਲ ਮੁਖੀਆਂ ਨੂੰ ਹਦਾਇਤਾਂ ਕੀਤੀਆਂ ਜਾਣ। ਇਸ ਦਾ ਸਮਾਂ ਅੱਧੀ ਛੁੱਟੀ ਤੋਂ ਬਾਅਦ ਦਾ ਰੱਖਿਆ ਜਾਵੇ।

4.0 ਹਰੇਕ ਸੀ.ਐਮ.ਟੀ. ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਸਕੂਲ ਪੱਧਰ ਤੇ ਹਰੇਕ ਬੱਚਾ ਲਿਖਾਈ ਹਫ਼ਤੇ ਦੌਰਾਨ ਹਰ ਰੋਜ਼ ਲਿਖਣ ਦਾ ਅਭਿਆਸ ਕਰੇਗਾ।

5.0 ਸੀ.ਐਮ.ਟੀ/ਬੀ.ਐਮ.ਟੀ. ਕਲੱਸਟਰ ਅਤੇ ਬਲਾਕ ਪੱਧਰ ਤੇ ਬੱਚਿਆਂ ਦੀ ਲਿਖਾਈ ਦੇ ਮੁਕਾਬਲੇ ਵੀ ਕਰਵਾਉਣਗੇ।

6.0 ਸੀ.ਐਮ.ਟੀ. ਇਸ ਗੱਲ ਨੂੰ ਵੀ ਯਕੀਨੀ ਬਣਾਵੇਗਾ ਕਿ ਲਿਖਾਈ ਹਫ਼ਤਾ ਤਿੰਨੋ ਭਾਸ਼ਾਵਾਂ (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ) ਦੇ ਸਾਂਝੇ ਤੌਰ ਤੇ ਮਨਾਇਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ/ ਮਿਤੀ

ਉਤਾਰਾ(1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**